**6-15 ਸਾਲ ਦੀ ਉਮਰ ਦੇ ਬੱਚਿਆਂ ਲਈ ਆਨਲਾਈਨ ਸਹਿਮਤੀ**

**ਸੰਸ9 03.10.20**

**ਅਧਿਐਨ ਦਾ ਸਿਰਲੇਖ: ਵਾਇਰਸ ਵਾੱਚ (Virus Watch)**

ਕਿਰਪਾ ਕਰਕੇ ਹਾਂ/ਨਾਂਹ ਤੇ ਨਿਸ਼ਾਨ ਲਗਾਓ

1. ਮੈਂ ਪੁਸ਼ਟੀ ਕਰਦਾ/ਦੀ ਹਾਂ ਕਿ ਮੈਂ ਉਪਰੋਕਤ ਅਧਿਐਨ ਲਈ ਜਾਣਕਾਰੀ ਸ਼ੀਟ (ਉਮਰ 10-15 ਸਾਲ ਤਾਰੀਖ 03-10-20 ਸੰਸਕਰਣ 9 ਜਾਂ ਉਮਰ 6-9 ਸਾਲ ਤਾਰੀਖ 03-10-20 ਸੰਸਕਰਣ 6) ਨੂੰ ਪੜ੍ਹ ਲਿਆ ਹੈ। ਮੈਨੂੰ ਇਸ ਜਾਣਕਾਰੀ ਬਾਰੇ ਵਿਚਾਰ ਸੋਚਣ, ਪ੍ਰਸ਼ਨ ਦਾ ਪੱਛਣ ਦਾ ਅਤੇ ਇਨ੍ਹਾਂ ਦਾ ਸੰਤੋਸ਼ਜਨਕ ਉੱਤਰ ਪ੍ਰਾਪਤ ਕਰਨ ਦਾ ਮੌਕਾ ਮਿਲਿਆ ਹੈ। ☐

2. ਮੈਂ ਸਮਝਦਾ/ਦੀ ਹਾਂ ਕਿ ਮੇਰੀ ਸ਼ਮੂਲੀਅਤ ਇਛੁੱਕ ਹੈ ਅਤੇ ਇਹ ਕਿ ਮੈਂ ਕੋਈ ਵੀ ਕਾਰਨ ਦੱਸੇ ਬਿਨਾਂ ਕਿਸੇ ਵੀ ਸਮੇਂ ਇਸ ਵਿਚੋਂ ਹੱਟਣ ਲਈ ਸੁਤੰਤਰ ਹਾਂ। ☐

3. ਮੈਂ ਸਮਝਦਾ/ਦੀ ਹਾਂ ਕਿ ਮੇਰੇ ਬਾਰੇ ਇਕੱਤਰ ਕੀਤੀ ਗਈ ਜਾਣਕਾਰੀ ਨੂੰ ਯੂ ਸੀ ਐਲ (UCL) ਦੁਆਰਾ ਘੱਟੋ ਘੱਟ 10 ਸਾਲਾਂ ਦੇ ਲਈ ਸਟੋਰ ਕਰਕੇ ਰੱਖਿਆ ਜਾਵੇਗਾ ਅਤੇ ਇਸਨੂੰ ਇਸ ਅਧਿਐਨ ਦੀ ਸਮਾਪਤੀ ਤੋਂ ਬਾਅਦ ਭਵਿੱਖ ਦੀ ਖੋਜ ਲਈ ਹੋਰ ਖੋਜਾਰਥੀਆਂ ਨਾਲ ਬੇਨਾਮ ਕਰਕੇ ਸਾਂਝਾ ਕੀਤਾ ਜਾ ਸਕਦਾ ਹੈ। ☐

4. ਮੈਂ ਯੂ ਸੀ ਐਲ (UCL) ਨੂੰ ਮੇਰੇ ਐਨ ਐਚ ਐਸ (NHS) ਨੰਬਰ, ਨਾਮ, ਲਿੰਗ, ਪਤਾ ਅਤੇ ਜਨਮ ਤਾਰੀਖ ਨੂੰ ਐਨ ਐਚ ਐਸ ਡਿਜੀਟਲ (NHS Digital) ਅਤੇ ਪਬਲਿਕ ਹੈਲਥ ਇੰਗਲੈਂਡ (Public Health England), ਸੰਗਠਨਾਂ ਨਾਲ ਸਾਂਝਾ ਕਰਨ ਲਈ ਸਹਿਮਤੀ ਦਿੰਦਾ/ਦੀ ਹਾਂ। ☐

   *ਐਨ ਐਚ ਐਸ ਡਿਜੀਟਲ (NHS Digital) ਦੇ ਕੋਲ ਹਸਪਤਾਲ ਦੀਆਂ ਵਿਜ਼ਿਟਸ ਅਤੇ ਦਾਖਲਿਆਂ (ਇਸਨੂੰ ਹਾਸਪੀਟਲ ਐਪੀਸੋਡ ਸਟੈਟਿਕਸ ਡਾਟਾ ਕਹਿੰਦੇ ਹਨ) ਅਤੇ ਮੌਤਾਂ ਦਾ ਡਾਟਾ ਹੈ ਅਤੇ ਪਬਲਿਕ ਹੈਲਥ ਇੰਗਲੈਂਡ (Public Health England), ਐਨ ਐਚ ਐਸ ਟੈਸਟ ਅਤੇ ਟ੍ਰੇਸ ਪ੍ਰੋਗਰਾਮ (NHS Test and Trace) ਤੋਂ ਪ੍ਰਾਪਤ ਡਾਟਾ ਸਮੇਤ ਨਿਯਮਤ ਰੂਪ ਵਿਚ ਇਕੱਤਰ ਕੀਤੇ ਗਏ ਵਾਈਰਾਲਜਿਕਲ ਟੈਸਟਿੰਗ ਡਾਟਾ ਨੂੰ ਰੱਖਦਾ ਹੈ। ਮੈਂ ਸਮਝਦਾ/ਦੀ ਹਾਂ ਕਿ ਇਨ੍ਹਾਂ ਸੰਗਠਨਾਂ ਦੁਆਰਾ ਢੁੱਕਵੇਂ ਡਾਟਾ ਸੈਟਾਂ ਵਿਚ ਰੱਖੀ ਗਈ ਅਤੇ ਸੰਭਾਲੀ ਜਾਂਦੀ ਜਾਣਕਾਰੀ ਨੂੰ ਹਸਪਤਾਲ ਵਿਚ ਮੇਰੇ ਭਰਤੀ ਹੋਣ ਬਾਰੇ ਅਤੇ ਐਨ ਐਚ ਐਸ (NHS) ਦੁਆਰਾ ਕੀਤੇ ਗਏ ਵਾਈਰਾਲਜਿਕਲ ਟੈਸਟਾਂ ਦੇ ਨਤੀਜਿਆਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਵਰਤਿਆ ਜਾ ਸਕਦਾ ਹੈ। ਮੈਂ ਸਮਝਦਾ/ਦੀ ਹਾਂ ਕਿ ਇਸ ਡਾਟਾ ਨੂੰ ਇਸ ਅਧਿਐਨ ਵਿਚ ਸ਼ਾਮਲ ਹੋਣ ਤੋਂ 5 ਸਾਲ ਬਾਅਦ ਤੱਕ ਕੇਵਲ ਸਾਂਖਿਅਕੀ ਅਤੇ ਖੋਜ ਦੇ ਮਕਸਦਾਂ ਲਈ ਵਰਤਿਆ ਜਾਵੇਗਾ।*

5. ਜੇ ਮੈਨੂੰ ਅਧਿਐਨ ਟੀਮ ਦੁਆਰਾ ਸੱਦਾ ਦਿੱਤਾ ਜਾਂਦਾ ਹੈ ਮੈਂ ਨੱਕ/ਗਲੇ ਦੇ ਸਵੈਬਜ਼ ਲੈਣ ਲਈ ਸਹਿਮਤੀ ਦਿੰਦਾ/ਦੀ ਹਾਂ। ☐

6. ਜੇ ਮੈਨੂੰ ਅਜਿਹਾ ਕਰਨ ਲਈ ਅਧਿਐਨ ਟੀਮ ਦੁਆਰਾ ਸੱਦਾ ਦਿੱਤਾ ਜਾਂਦਾ ਹੈ, ਮੈਂ ਖ਼ੂਨ ਦੇ ਦੋ ਨਮੂਨੇ, ਇਕ 2020 ਦੀਆਂ ਗਰਮੀਆਂ ਵਿਚ ਅਤੇ ਇਕ 2021 ਦੀ ਬਸੰਤ ਵਿਚ ਦੇਣ ਲਈ ਸਹਿਮਤ ਹੁੰਦਾ/ਦੀ ਹਾਂ। *ਖ਼ੂਨ ਦੇ ਨਮੂਨੇ ਨੂੰ ਪ੍ਰਦਾਨ ਕਰਨਾ ਸਾਨੂੰ ਕੋਵਿਡ-19 ਬਾਰੇ ਮਹੱਤਵਪੂਰਨ ਜਾਣਕਾਰੀ ਦਿੰਦਾ ਹੈ ਪਰ ਜੇ ਤੁਸੀਂ ਖ਼ੂਨ ਦੇਣ ਦੀ ਇੱਛਾ ਨਹੀਂ ਰੱਖਦੇ, ਤੁਸੀਂ ਤਾਂ ਵੀ ਅਧਿਐਨ ਵਿਚ ਭਾਗ ਲੈ ਸਕਦੇ ਹੋ।* ☐

7. ਜੇ ਮੈਂ ਖ਼ੂਨ ਦਾ ਨਮੂਨਾ ਨਹੀਂ ਦੇਣਾ ਚਾਹੁੰਦਾ/ਦੀ ਤਾਂ ਮੈਂ ਆਪਣੀ ਉਂਗਲ ਵਿਚ ਸੂਈ ਚੋਭ ਕੇ ਖ਼ੂਨ ਦਾ ਨਮੂਨਾ ਦੇਣ ਲਈ ਸਹਿਮਤ ਹੁੰਦਾ/ਦੀ (ਜੇ ਅਧਿਐਨ ਟੀਮ ☐

ਦੁਆਰਾ ਸੱਦਾ ਦਿੱਤਾ ਜਾਂਦਾ ਹੈ) ਹਾਂ।

*ਉਂਗਲ ਵਿਚ ਸੂਈ ਚੋਭ ਕੇ ਨਮੂਨਾ ਪ੍ਰਦਾਨ ਕਰਨਾ ਸਾਨੂੰ ਕੋਵਿਡ-19 ਬਾਰੇ ਮਹੱਤਵਪੂਰਨ ਜਾਣਕਾਰੀ ਦਿੰਦਾ ਹੈ ਪਰ ਜੇ ਤੁਸੀਂ ਨਮੂਨਾ ਦੇਣ ਦੀ ਇੱਛਾ ਨਹੀਂ ਰੱਖਦੇ, ਤੁਸੀਂ ਤਾਂ ਵੀ ਅਧਿਐਨ ਵਿਚ ਭਾਗ ਲੈ ਸਕਦੇ ਹੋ।*





8. ਜੇ ਅਧਿਐਨ ਟੀਮ ਦੁਆਰਾ ਸੱਦਾ ਦਿੱਤਾ ਜਾਂਦਾ ਹੈ ਤਾਂ ਮੈਂ ਉਂਗਲ ਵਿਚ ਸੂਈ ਚੋਭ ਕੇ ਕੀਤਾ ਜਾਣ ਵਾਲਾ ਐਂਟੀਬਾਡੀ ਟੈਸਟ ਕਰਵਾਉਣ ਲਈ ਸਹਿਮਤ ਹੁੰਦਾ/ਦੀ ਹਾਂ।

   *ਉਂਗਲ ਵਿਚ ਸੂਈ ਚੋਭ ਕੇ ਨਮੂਨਾ ਪ੍ਰਦਾਨ ਕਰਨਾ ਸਾਨੂੰ ਕੋਵਿਡ-19 ਬਾਰੇ ਮਹੱਤਵਪੂਰਨ ਜਾਣਕਾਰੀ ਦਿੰਦਾ ਹੈ ਪਰ ਜੇ ਤੁਸੀਂ ਨਮੂਨਾ ਦੇਣ ਦੀ ਇੱਛਾ ਨਹੀਂ ਰੱਖਦੇ, ਤੁਸੀਂ ਤਾਂ ਵੀ ਅਧਿਐਨ ਵਿਚ ਭਾਗ ਲੈ ਸਕਦੇ ਹੋ।*

   a. ਖੂਨ ਲੈਣ ਦੇ ਸਮੇਂ ਇਕ ਵਾਰ ☐
   b. ਮੇਰੇ ਘਰ ਵਿਚ ਹਰ ਵਾਰ ਕਿਸੇ ਦੁਆਰਾ ਕੋਵਿਡ-19 ਨਾਲ ਬਿਮਾਰ ਹੋਣ ਤੋਂ 14 ਬਾਅਦ ਇਕ ਨਮੂਨਾ। ☐

9. ਮੈਂ ਇਸ ਖੋਜ ਲਈ ਲਏ ਗਏ ਕਿਸੇ ਤਰ੍ਹਾਂ ਦੇ ਖੂਨ ਦੇ ਨਮੂਨਿਆਂ ਅਤੇ/ਜਾਂ ਨੱਕ ਦੇ ਸਵੈਬਜ਼ ਨੂੰ (ਇਸ ਅਧਿਐਨ ਦੇ ਸਮਾਪਤ ਹੋਣ ਤੋਂ ਬਾਅਦ) ਸਾਹ ਪ੍ਰਣਾਲੀ ਨਾਲ ਸਬੰਧਤ ਲਾਗਾਂ, ਇਨ੍ਹਾਂ ਲਾਗਾਂ ਪ੍ਰਤੀ ਸਰੀਰ ਦੀ ਰੱਖਿਆ ਪ੍ਰਣਾਲੀ ਦੀ ਪ੍ਰਤੀਕ੍ਰਿਆ ਅਤੇ ਇਨ੍ਹਾਂ ਉੱਪਰ ਪੈਣ ਵਾਲੇ ਅਣੁਵਾਂਸ਼ਿਕ ਪ੍ਰਭਾਵਾਂ ਬਾਰੇ ਜਾਣਨ ਲਈ ਭਵਿੱਖ ਦੀ ਸੰਭਾਵੀ ਖੋਜ ਲਈ ਬੇਨਾਮੀ ਨਾਲ ਸਟੋਰ ਕੀਤੇ ਜਾਣ ਲਈ ਸਹਿਮਤੀ ਦਿੰਦਾ/ਦੀ ਹਾਂ। ☐

10. ਮੈਂ ਸਮਝਦਾ/ਦੀ ਹਾਂ ਕਿ ਮੇਰੇ ਬਾਰੇ ਇਕੱਤਰ ਕੀਤੀ ਗਈ ਜਾਣਕਾਰੀ ਨੂੰ ਯੂ ਸੀ ਐਲ (UCL) ਦੁਆਰਾ ਘੱਟੋ ਘੱਟ 10 ਸਾਲਾਂ ਦੇ ਲਈ ਸਟੋਰ ਕਰਕੇ ਰੱਖਿਆ ਜਾਵੇਗਾ ਅਤੇ ਇਸਨੂੰ ਇਸ ਅਧਿਐਨ ਦੀ ਸਮਾਪਤੀ ਤੋਂ ਬਾਅਦ ਭਵਿੱਖ ਦੀ ਖੋਜ ਲਈ ਹੋਰ ਖੋਜਾਰਥੀਆਂ ਨਾਲ ਬੇਨਾਮ ਕਰਕੇ ਸਾਂਝਾ ਕੀਤਾ ਜਾ ਸਕਦਾ ਹੈ। ☐

11. ਮੈਂ ਸਮਝਦਾ/ਦੀ ਹਾਂ ਕਿ ਅਧਿਐਨ ਦੇ ਦੌਰਾਨ ਇਕੱਤਰ ਕੀਤੇ ਗਏ ਮੇਰੇ (ਬੇਨਾਮ) ਡਾਟਾ ਦੇ ਢੁੱਕਵੇਂ ਹਿੱਸਿਆਂ ਨੂੰ ਯੂ ਸੀ ਐਲ (UCL) ਜਾਂ ਨਿਯਾਮਕ ਅਥਾਰਟੀਆਂ ਨਾਲ ਸਬੰਧਤ ਵਿਅਕਤੀਆਂ ਦੁਆਰਾ ਦੇਖਿਆ ਜਾ ਸਕਦਾ ਹੈ, ਜਿੱਥੇ ਅਜਿਹਾ ਕਰਨਾ ਮੇਰੇ ਅਧਿਐਨ ਵਿਚ ਭਾਗ ਲੈਣ ਲਈ ਜ਼ਰੂਰੀ ਹੁੰਦਾ ਹੈ। ਮੈਂ ਇਨ੍ਹਾਂ ਵਿਅਕਤੀਆਂ ਨੂੰ ਇਸ ਜਾਣਕਾਰੀ ਤੱਕ ਪਹੁੰਚ ਕਰਨ ਦੀ ਆਗਿਆ ਦਿੰਦਾ/ਦੀ ਹਾਂ। ☐

12. ਮੈਂ ਸਮਝਦਾ/ਦੀ ਹਾਂ ਕਿ ਮੇਰੇ ਪੋਸਟਕੋਡ (ਜਿਸ ਤੋਂ ਹੋਰ ਵਿਅਕਤੀਗਤ ਵੇਰਵਿਆਂ ਨੂੰ ਹਟਾਇਆ ਹੁੰਦਾ ਹੈ) ਦਾ, ਈ ਐਸ ਆਰ ਆਈ (ESRI) (ਭੂਗੋਲਿਕ ਵਿਸ਼ਲੇਸ਼ਣ ਵਾਲੀ ਕੰਪਨੀ ਜੋ ਇਸ ਪ੍ਰੋਜੈਕਟ ਵਿਚ ਯੂ ਸੀ ਐਲ (UCL) ਦੀ ਸਹਾਇਤਾ ਕਰ ਰਹੀ ਹੈ) ਦੇ ਦੱਸੇ ਗਏ ਸਟਾਫ਼ ਦੁਆਰਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਇਹ ਸਟਾਫ਼ ਗੋਪਨੀਯਤਾ ਦੇ ਕਠੋਰ ਸਮਝੌਤਿਆਂ ਅਧੀਨ ਕੰਮ ਕਰ ਰਿਹਾ ਹੋਏਗਾ। ☐

13. ਮੈਂ ਉਪਰੋਕਤ ਅਧਿਐਨ ਵਿਚ ਭਾਗ ਲੈਣ ਲਈ ਸਹਿਮਤ ਹੁੰਦਾ/ਦੀ ਹਾਂ। ☐